# ਸ਼ੇਖ ਫ਼ਰੀਦ - ਸਬਦ ੧੧੩

ਫਰੀਦਾ ਦਿਲੁ ਰਤਾ ਇਸੁ ਦੁਨੀ ਸਿਉ ਦੁਨੀ ਨ ਕਿਤੈ ਕੰਮਿ ॥

ਸਲੋਕ, ਗੁਰੂ ਅਰਜਨ, ਗੁਰੂ ਗ੍ਰੰਥ ਸਾਹਿਬ, ੧੩੮੩

ਫਰੀਦਾ ਦਿਲੁ ਰਤਾ ਇਸੁ ਦੁਨੀ ਸਿਉ ਦੁਨੀ ਨ ਕਿਤੈ ਕੰਮਿ ॥
ਮਿਸਲ ਫਕੀਰਾਂ ਗਾਖੜੀ ਸੁ ਪਾਈਐ ਪੂਰ ਕਰੰਮਿ ॥੧੧੧॥

ਸਾਰ: ਬਾਹਰੀ ਭਟਕਣਾਵਾਂ ਅਕਸਰ ਦਿਲਕਸ਼ ਲੱਗਦੀਆਂ ਹਨ ਕਿਉਂਕਿ ਉਨ੍ਹਾਂ ਵਿਚ ਜੀਵਨ ਦੀ ਭਰਪੂਰਤਾ, ਉਤਸ਼ਾਹ, ਜਾਂ ਸੰਪੂਰਨਤਾ ਦੀ ਆਸ ਬੱਝੀ ਹੁੰਦੀ ਹੈ। ਭਾਵੇਂ, ਸਮੇਂ ਦੇ ਨਾਲ, ਇਹਨਾਂ ਭਟਕਣਾਵਾਂ ਦੇ ਪਿੱਛਾ ਦੌੜਦੇ-ਦੌੜਦੇ ਕਿਸੇ ਖਾਲੀਪਣ ਦਾ ਅਹਿਸਾਸ ਹੋਣ ਲੱਗ ਪੈਂਦਾ ਹੈ। ਇਹ ਵਰਤਾਰਾ ਇਸ ਕਰਕੇ ਨਹੀਂ ਵਾਪਰਦਾ ਕਿ ਸੰਸਾਰ ਸਾਡੇ ਸਾਹਮਣੇ ਕੁਝ ਭੇਟ ਨਹੀਂ ਕਰਦਾ ਬਲਕਿ ਇਸ ਕਰਕੇ ਵਾਪਰਦਾ ਹੈ ਕਿਉਂਕਿ ਅਸਥਾਈ ਸੁੱਖ, ਸਦੀਵੀ ਮਹੱਤਵ ਨੂੰ ਕਾਇਮ ਨਹੀਂ ਰੱਖ ਸਕਦੇ। ਅੰਤ ਵਿਚ, ਸਾਨੂੰ ਅਹਿਸਾਸ ਹੁੰਦਾ ਹੈ ਕਿ ਭਰਮਾਂ ਦਾ ਪਿੱਛਾ ਕਰਨ ਵਿਚ ਬਿਤਾਇਆ ਜੀਵਨ ਸਾਨੂੰ ਸੱਖਣਾ ਛੱਡ ਦਿੰਦਾ ਹੈ, ਇਕ ਪਰਛਾਵੇਂ ਦੀ ਤਰ੍ਹਾਂ ਜਿਸਨੂੰ ਫੜ੍ਹਿਆ ਨਹੀਂ ਜਾ ਸਕਦਾ। ਇਹ ਜਾਗ੍ਰਿਤੀ ਸਾਨੂੰ ਆਪਣੇ ਅਸਲ ਤੱਤਸਾਰ ਦੀ ਭਾਲ ਕਰਨ ਲਈ ਪ੍ਰੇਰਿਤ ਕਰਦੀ ਹੈ, ਜੋ ਸਾਡੇ ਜੀਵਨ ਦਾ ਮੂਲ ਅਧਾਰ ਹੈ।

ਫਰੀਦਾ ਦਿਲੁ ਰਤਾ ਇਸੁ ਦੁਨੀ ਸਿਉ ਦੁਨੀ ਨ ਕਿਤੈ ਕੰਮਿ ॥
ਹੇ ਫਰੀਦ ਜਿਹੜਾ ਹਿਰਦਾ ਇਸ ਛਿਨਭੰਗੁਰ ਸੰਸਾਰ ਵਿਚ ਮਸਤ ਰਹਿੰਦਾ ਹੈ, ਅੰਤ ਉਹ ਇਹ ਸੱਚ ਸਮਝ ਜਾਂਦਾ ਹੈ ਕਿ ਇਸ ਸੰਸਾਰ ਵਿਚ ਕੁਝ ਵੀ ਸੱਚੇ ਉਦੇਸ਼ ਦੀ ਪੂਰਤੀ ਲਈ ਕਾਰਜ਼ ਨਹੀਂ ਕਰਦਾ। ਇਹ ਭਾਵ ਦਰਸਾਉਂਦਾ ਹੈ ਕਿ ਭਾਵੇਂ ਬਾਹਰੀ ਭਟਕਣਾਵਾਂ ਦਿਲਕਸ਼ ਭਾਸਣ ਪਰ ਇਹ ਅੰਤਰੀਵੀ ਭੁੱਖ ਦੀ ਪੂਰਤੀ ਨਹੀਂ ਕਰ ਸਕਦੀਆਂ।

ਮਿਸਲ ਫਕੀਰਾਂ ਗਾਖੜੀ ਸੁ ਪਾਈਐ ਪੂਰ ਕਰੰਮਿ ॥੧੧੧॥
ਨਿਮਾਣੀਆਂ ਰੂਹਾਂ ਦਾ ਰਸਤਾ ਚੁਣੌਤੀਪੂਰਨ ਹੁੰਦਾ ਹੈ; ਅਰਥ ਭਰਪੂਰ ਕਰਮ ਇਸ ਰਸਤੇ ਵੱਲ ਲੈ ਜਾਂਦੇ ਹਨ। ਇਹ ਭਾਵ ਨਿਮਰਤਾ ਦੀ ਦੁਰਲੱਭਤਾ ਨੂੰ ਉਜਾਗਰ ਕਰਦਾ ਹੈ, ਕਿਉਂਕਿ ਇਸ ਹਿੰਮਤੀ ਕਾਰਜ਼ ਲਈ ਆਪਣੀ ਹਉਮੈਂ ਤੋਂ ਪਾਰ ਰੂਹਾਨੀ ਵਿਗਾਸ ਦੇ ਰਸਤੇ ਪਾਰ ਕਰਨੇ ਪੈਂਦੇ ਹਨ। (੧੧੧)

ਤੱਤ**:** ਗੁਰੂ ਅਰਜਨ, ਸ਼ੇਖ ਫ਼ਰੀਦ ਨਾਲ ਸੁਰ ਸਾਂਝੀ ਕਰਦੇ ਹੋਏ ਸਮਝਾਉਂਦੇ ਹਨ ਕਿ ਨਿਮਰਤਾ ਦਾ ਰਸਤਾ ਔਖਾ ਹੈ ਕਿਉਂਕਿ ਹਉਮੈ ਇਸ ਵੱਲ ਵਧਣ ਵਾਲੇ ਹਰ ਕਦਮ ਦਾ ਵਿਰੋਧ ਕਰਦੀ ਹੈ। ਅਰਥ ਭਰਪੂਰ ਕਰਮ ਅੱਗੇ ਵਧਣ ਦਾ ਰਸਤਾ ਤਦ ਹੀ ਬਣਦੇ ਹਨ, ਜਦੋਂ ਕੋਈ ਸਿਰਫ਼ ਦਿਆਨਤਦਾਰੀ ਨਾਲ ਜੀਵਨ ਜੀਉਂਦਿਆਂ ਸਵੈ-ਮਹੱਤਤਾ ਦੀ ਪਕੜ ਨੂੰ ਢਿੱਲਾ ਕਰਨਾ ਸ਼ੁਰੂ ਕਰਦਾ ਹੈ। ਨਿਮਰਤਾ ਦੁਰਲੱਭ ਗੁਣ ਹੈ, ਇਸ ਦੀ ਪ੍ਰਾਪਤੀ ਲਈ ਅੰਤਰੀਵੀ ਦਲੇਰੀ ਦੀ ਲੋੜ ਹੁੰਦੀ ਹੈ ਜਿਸ ਨਾਲ ਇਹ ਹਉਮੈ ਦਾ ਨਿਵਾਰਣ ਕਰਦੀ ਹੋਈ ਰੂਹਾਨੀਅਤ ਦੀ ਚਰਮ ਸੀਮਾ 'ਤੇ ਪਹੁੰਚਦੀ ਹੈ। ਇਹ ਰਸਤਾ ਇਸ ਲਈ ਔਖਾ ਬਣ ਜਾਂਦਾ ਹੈ ਕਿਉਂਕਿ ਇਸ ਨੂੰ ਪਾਰ ਕਰਨ ਲੱਗਿਆਂ ਪਹਿਲਾਂ ਆਪਣੇ ਅੰਦਰ ਦੇ ਰਾਹ ਵਿਚੋਂ ਗੁਜ਼ਰਨਾ ਪੈਂਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ**: OnenessInDiversity.com**

ਈਮੇਲ**: onenessindiversityfoundation@gmail.com**